ਪੰਜਾਬ ਸਰਕਾਰ
ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ
(ਸਿਹਤ-3 ਸ਼ਾਖਾ)

**ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਸ਼ਿਫਾਰਸ਼ਾਂ **ਮਿਤੀ 19-12-2013** ਦੇ ਸਨਮੁੱਖ ਹੇਠ ਲਿਖੇ ਸਹਾਇਕ ਪ੍ਰੋਫੈਸਰਾਂ ਮੈਡੀਸਨ ਨੂੰ ਤਨਖਾਹ ਸਕੇਲ ਰੁਪਏ 37400-67000+8900/- ਗਰੇਡ ਪੇ ਵਿੱਚ ਬਤੌਰ ਐਸੋਸੀਏਟ ਪ੍ਰੋਫੈਸਰ ਮੈਡੀਸਨ ਪੱਦ-ਉੱਨਤ ਕੀਤਾ ਜਾਂਦਾ ਹੈ: -

1) ਡਾਕਟਰ ਹਰਚਰਨ ਸਿੰਘ,
2) ਡਾਕਟਰ ਰਮਨ ਕੁਮਾਰ ਸ਼ਰਮਾਂ,
3) ਡਾਕਟਰ ਜਸਬੀਰ ਕੁਮਾਰ, (ਐਸ.ਸੀ)

2. ਉਪਰੋਕਤ ਡਾਕਟਰਾਂ ਦੀਆਂ ਕੀਤੀਆਂ ਗਈਆਂ ਪੱਦ-ਉੱਨਤੀਆਂ ਹੇਠ ਦਰਸਾਈਆਂ ਸ਼ਰਤਾਂ ਤੇ ਨਿਰਭਰ ਹੋਣਗੀਆਂ: -

ੳ) ਇਹ ਡਾਕਟਰ ਇੱਕ ਸਾਲ ਦੇ ਪਰਖ ਸਮੇਂ ਅਧੀਨ ਰਹਿਣਗੇ ।

ਅ) ਪੰਜਾਬ ਮੈਡੀਕਲ ਐਜੂਕੇਸ਼ਨ ਸਰਵਿਸਜ਼ ਰੂਲ, 1978 / 1985, ਪੰਜਾਬ ਸਿਵਲ ਸਰਵਿਸਜ਼ (ਜਨਰਲ ਐਂਡ ਕਾਮਨ ਕੰਡਿਸ਼ਨ ਆਫ ਸਰਵਿਸ) ਰੂਲਜ, 1994 (ਸਮੇਂ-ਸਮੇਂ ਸਿਰ ਸੋਧ ਅਨੁਸਾਰ) ਅਤੇ ਨੋਟੀਫਿਕੇਸ਼ਨ ਨੰਬਰ : 1/229/97-4.ਐਚ.ਬੀ.3/2034 ਮਿਤੀ 22-05-2003 ਵਿੱਚ ਦਰਜ ਨਿਰਧਾਰਤ ਸ਼ਰਤਾਂ ਲਾਗੂ ਹੋਣਗੀਆਂ ।

ੲ) ਜੇਕਰ ਉਪਰੋਕਤ ਡਾਕਟਰਾਂ ਦੀ ਪੱਦ-ਉੱਨਤੀ ਨਾ ਹੁੰਦੀ ਤਾਂ ਇਹਨ੍ਹਾਂ ਡਾਕਟਰਾਂ ਨੇ ਹੇਠਲੇ ਕਾਡਰ ਦੀ ਆਪਣੀ ਮੌਜੂਦਾ ਆਸਾਮੀ ਤੇ ਹੀ ਕੰਮ ਕਰਦੇ ਰਹਿਣਾਂ ਸੀ ।

ਸ) ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਲੰਬਿਤ ਸਿਵਲ ਰਿੱਟ ਪਟੀਸ਼ਨ ਜਾਂ ਹੋਰ ਅਦਾਲਤਾਂ ਵਿੱਚ ਲੰਬਿਤ ਕੇਸਾਂ ਦੇ ਅੰਤਿਮ ਫੈਸਲੇ ਤੇ ਪੱਦ-ਉੱਨਤੀਆਂ ਨਿਰਭਰ ਹੋਣਗੀਆਂ ।

ਹ) ਇਹਨ੍ਹਾਂ ਡਾਕਟਰ ਵਲੋਂ ਪੋਸਟਿੰਗ ਦੀ ਥਾਂ ਤੇ ਤੁਰੰਤ ਹਾਜ਼ਰੀ ਰਿਪੋਰਟ ਪੇਸ਼ ਕੀਤੀ ਜਾਵੇਗੀ । ਹਾਜ਼ਰ ਹੋਣ ਦੇ ਸਮੇਂ ਵਿੱਚ ਕਿਸੇ ਵੀ ਹਾਲਤ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ ਅਤੇ ਨਾ ਹੀ ਇਸ ਸਬੰਧੀ ਕਿਸੇ ਕਿਸਮ ਦੀ ਪ੍ਰਤੀ ਬੇਨਤੀ ਤੇ ਵਿਚਾਰ ਕੀਤਾ ਜਾਵੇਗਾ । ਪੱਦ-ਉੱਨਤੀ ਦੀ ਆਸਾਮੀ ਤੇ ਹਾਜ਼ਰ ਨਾ ਹੋਣ ਦੀ ਸੂਰਤ ਵਿੱਚ ਸਬੰਧਤ ਡਾਕਟਰ ਨੂੰ ਨਿਯਮਾਂ ਅਨੁਸਾਰ ਦੋ ਸਾਲ ਲਈ ਤਰੱਕੀ ਲਈ ਡੀ-ਬਾਰ ਕਰ ਦਿੱਤਾ ਜਾਵੇਗਾ ।

ਕ) ਜੇਕਰ ਸੀਨੀਅਰਤਾ ਸਬੰਧੀ ਜਾਂ ਕੋਈ ਹੋਰ ਤੱਥ / ਰਿਕਾਰਡ ਸਰਕਾਰ ਦੇ ਧਿਆਨ ਵਿੱਚ ਆਉਂਦੇ ਹਨ ਜਾਂ ਲਿਆਏ ਜਾਂਦੇ ਹਨ ਤੇ ਇਹ ਪੱਦ-ਉੱਨਤੀਆਂ ਮੁੜ ਗੌਰ ਕਰਨ ਯੋਗ ਹੋਣਗੀਆਂ ।

**ਮਿਤੀ, ਚੰਡੀਗੜ੍ਹ:**
**09-01-2014**

**ਵਿਨੀ ਮਹਾਜਨ**
**ਪ੍ਰਮੁੱਖ ਸਕੱਤਰ, ਪੰਜਾਬ ਸਰਕਾਰ**
**ਮੈਡੀਕਲ ਸਿੱਖਿਆ ਅਤੇ ਖੋਜ ਵਿਭਾਗ**

ਪਿੱਠ ਅੰਕਣ ਨੰਬਰ : 1/29/2013-2ਸਸ3/119-128. ਮਿਤੀ, ਚੰਡੀਗੜ੍ਹ : 09/01/2014.

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆਂ ਜਾਂਦਾ ਹੈ: -

1) ਡਾਇਰੈਕਟਰ, ਖੋਜ ਅਤੇ ਮੈਡੀਕਲ ਸਿੱਖਿਆ ਵਿਭਾਗ, ਪੰਜਾਬ, ਚੰਡੀਗੜ੍ਹ ।
2) ਮਹਾਂ ਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ ।
3) ਮਹਾਂ ਲੇਖਾਕਾਰ (ਲੇਖਾ ਅਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ ।
4) ਪ੍ਰਿੰਸੀਪਲ, ਸਰਕਾਰੀ ਮੈਡੀਕਲ ਕਾਲਜ, ਅੰਮ੍ਰਿਤਸਰ / ਪਟਿਆਲਾ ।
5) ਸਬੰਧਤ ਡਾਕਟਰ ।
6) ਨਿੱਜੀ ਸਕੱਤਰ / ਐਮ.ਈ.ਆਰ.ਐਮ
7) ਨਿੱਜੀ ਸਕੱਤਰ / ਪੀ.ਐਸ.ਐਮ.ਈ.ਆਰ
8) ਨਿੱਜੀ ਸਹਾਇਕ / ਏ.ਐਸ.ਐਮ.ਈ.ਆਰ
9) ਨਿੱਜੀ ਸਹਾਇਕ / ਯੂ.ਐਸ.ਐਮ.ਈ.ਆਰ

(ਮਨਮੋਹਨ ਸਿੰਘ)
ਅਧੀਨ ਸਕੱਤਰ, ਮੈਡੀਕਲ ਸਿੱਖਿਆ ਤੇ ਖੋਜ

*C:\Balram-2HBIII\Draft Order Eng & Pbi all Types\Draft Order (Pbi.)\D.P.C\Draft Order (Pbi) D.P.C.doc*